Press Note

# JAGAT GURU NANAK DEV PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**

**PSOU/PRO/2025/163** **23 May 2025**

## Padma Shri Rattan Singh Jaggi Condolence Meet

Jagat Guru Nanak Dev Punjab State Open University, Patiala paid tributes to Padma Shri awardee Rattan Singh Jaggi. A literary luminary in the realms of Punjabi and Hindi literature, Jaggi was a prolific writer, critic, and author whose vast body of work illuminates the fields of Gurmat, Sikh scripture, and the Bhakti movement. Jaggi's literary contributions spanned encyclopaedias, critical commentaries, translations, and reference works. His profound understanding of Sikh scriptures led to his magnum opus, an eight-volume Punjabi commentary on the Sri Guru Granth Sahib Ji, titled *Bhav Prabodhini Tika*, and a five-volume Hindi version of the same. He enriched Sikh scholarship through projects like *Sikh Panth Vishavkosh* (Encyclopaedia of Sikhism) and *Arthbodh Sri Guru Granth Sahib*, published by the Shiromani Gurdwara Parbandhak Committee (SGPC). His work, Tulsi Ramayan, a Punjabi translation of *Ram Charit Manas*, earned a National Award from the Sahitya Akademi. " Padma Shri Jaggi's life was a testament to scholarly dedication and literary brilliance. His enduring works will inspire generations of students, researchers, and spiritual seekers," said Prof. Baljit Singh Khehra, Registrar (O). Padma Shri Rattan Singh Jaggi contributed ti Gurparsad Journal published by Jagat Guru Nanak Dev Punjab State Open University, Patiala.

23/05/25

**Director**
**Public Relations**

Director-Public Relations Cell
Jagat Guru Nanak Dev
Punjab State Open University
Patiala – 147001(PB) INDIA

JAGAT GURU NANAK DEV PUNJAB STATE OPEN UNIVERSITY
PATIALA
(Established by Act No.19 of 2019 of Legislature of the State of Punjab)

PSOU/PRO/2025/163

23 ਮਈ 2025

## ਓਪਨ ਯੂਨੀਵਰਸਿਟੀ ਵਲੋਂ ਪਦਮ ਸ੍ਰੀ ਡਾ. ਰਤਨ ਸਿੰਘ ਜੱਗੀ ਨੂੰ ਸ਼ਰਧਾਂਜਲੀ

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਪਦਮ ਸ੍ਰੀ ਡਾ. ਰਤਨ ਸਿੰਘ ਜੱਗੀ ਦੇ ਅਕਾਲ ਚਲਾਣੇ ਤੇ ਅਕਾਦਮਿਕ ਬਲਾਕ ਵਿਖੇ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਉਹਨਾਂ ਦੇ ਲਿਖਤ ਕਾਜ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ, ਦਸਮ ਗ੍ਰੰਥ ਦੀ ਵਿਆਖਿਆ, ਗੁਰੂ ਗ੍ਰੰਥ ਸਾਹਿਬ ਵਿਸ਼ਵਕੋਸ਼, ਸਿੱਖ ਪੰਥ ਵਿਸ਼ਵਕੋਸ਼, ਤੁਲਸੀ ਰਮਾਇਣ, ਭਗਵਤ ਗੀਤਾ, ਗੁਰੂ ਸਾਹਿਬਾਨ ਦਾ ਇਤਿਹਾਸ, ਪੰਜਾਬੀ ਸਾਹਿਤ ਦਾ ਇਤਿਹਾਸ ਅਤੇ ਹੋਰ ਬੇਅੰਤ ਇਤਿਹਾਸ ਸ਼ਾਮਿਲ ਹਨ। ਉਹਨਾਂ ਦੀ ਵਿਅਕਤੀਗਤ ਜ਼ਿੰਦਗੀ ਸਾਦਗੀ, ਉੱਚੀ ਸੋਚ ਅਤੇ ਵਾਹਿਗੁਰੂ ਵਲ ਪੂਰਨ ਭਰੋਸੇ ਨਾਲ ਭਰਪੂਰ ਰਹੀ। ਉਹ ਖੋਜੀ ਸੁਭਾਅ ਦੇ ਮਾਲਕ ਸਨ ਅਤੇ ਆਪਣੇ ਕੰਮ ਪ੍ਰਤੀ ਪੂਰੀ ਵਫਾਦਾਰੀ ਰੱਖਦੇ ਸਨ।

ਪ੍ਰੋ. ਬਲਜੀਤ ਸਿੰਘ ਖਹਿਰਾ, ਰਜਿਸਟਰਾਰ ਨੇ ਕਿਹਾ, "ਡਾ. ਜੱਗੀ ਦੀ ਵਿਦਵਤਾ ਤੇ ਨਮਰਤਾ ਉਨ੍ਹਾਂ ਨੂੰ ਵਿਲੱਖਣ ਬਣਾਉਂਦੀ ਸੀ। ਉਹਨਾਂ ਦੀ ਕਲਮ ਸਦੀਆਂ ਤਕ ਸਾਨੂੰ ਰਾਹ ਦਿਖਾਉਂਦੀ ਰਹੇਗੀ।" ਡਾ. ਨਵਲੀਨ ਮੁਲਤਾਨੀ, ਡੀਨ ਰਿਸਰਚ ਨੇ ਕਿਹਾ, "ਉਹਨਾਂ ਨੇ ਖੋਜ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੀ ਲੇਖਨੀ ਅਕਾਦਮਿਕ ਖੇਤਰ ਦੀ ਰਹਿਨੁਮਾ ਰਹੇਗੀ।" ਡਾ. ਰਤਨ ਸਿੰਘ ਜੱਗੀ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਡਾ. ਸੁਖਦੇਵ ਸਿੰਘ, ਸੰਪਾਦਕ, JGND PSOU ਖੋਜ ਜਰਨਲ ਗੁਰ ਪ੍ਰਸਾਦਿ ਨੇ ਦੱਸਿਆ ਕਿ "ਡਾ. ਜੱਗੀ ਨੇ ਯੂਨੀਵਰਸਿਟੀ ਦੇ ਗੁਰ ਪ੍ਰਸਾਦਿ ਖੋਜ ਜਰਨਲ ਲਈ ਗੁਰੂ ਅਮਰਦਾਸ ਜੀ ਬਾਰੇ ਲੇਖ ਲਿਖਿਆ ਜਿਹੜਾ ਕਿ ਡਾ. ਰਤਨ ਸਿੰਘ ਜੱਗੀ ਦੀ ਆਖ਼ਰੀ ਲਿਖਤ ਹੈ।" ਇਸ ਸ਼ੋਕ ਸਭਾ ਵਿੱਚ ਪ੍ਰੋ. ਕੰਵਲਵੀਰ ਸਿੰਘ ਢੀਂਡਸਾ, ਕੰਟਰੋਲਰ ਪ੍ਰੀਖਿਆਵਾਂ, ਸਕੂਲਾਂ ਦੇ ਮੁਖੀ, ਫੈਕਲਟੀ ਅਤੇ ਸਟਾਫ ਹਾਜ਼ਰ ਸਨ।

23/05/25

ਡਾਇਰੈਕਟਰ
ਪਬਲਿਕ ਰਿਲੇਸ਼ਨ

Director-Public Relations Cell
Jagat Guru Nanak Dev
Punjab State Open University
Patiala – 147001(PB) INDIA